ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ , ਪੰਜਾਬ
ਬਲਾਕ ਈ -, ਛੇਵੀ ਮੰਜਿਲ , ਪੰਜਾਬ ਸਕੂਲ ਸਿੱਖਿਆ ਬੋਰਡ ਕੰਪ , ਫੇਜ-8, ਐਸ ਨਗਰ.ਐਸ.ਏ., ਮੁਹਾਲੀ
ਫੋਨ ਨੰਬਰ :0172-2212221

---

(ਨੋਟਿਸ ਬੋਰਡ ਰਾਹੀਂ)

ਵੱਲ

(Revised)

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ),
ਪੰਜਾਬ।

ਮੀਮੋ ਨੰ- SCERT-ACA/7/2020-SDP-SCERT/81405/60
ਮਿਤੀ ਨਗਰ.ਐਸ.ਏ.ਐਸ :, 18-11-2021

ਵਿਸ਼ਾ : - ਸਾਲ2020-21 ਦੌਰਾਨ ਸਕੂਲ ਸਿੱਖਿਆ ਵਿਭਾਗ ਵੱਲੋਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਈਆ ਗਈਆਂ ਗਤੀਵਿਧੀਆਂ ਦੇ ਰਾਜ ਪੱਧਰੀ ਇਨਾਮ ਵੰਡ ਸਮਾਰੋਹ ਸਬੰਧੀ।

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. ਸਾਲ 2020-21 ਦੌਰਾਨ ਸਕੂਲ ਸਿੱਖਿਆ ਵਿਭਾਗ ਵੱਲੋਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਈਆ ਗਈਆਂ ਗਤੀਵਿਧੀਆਂ ਦੇ ਰਾਜ ਪੱਧਰੀ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡਣ ਲਈ ਮਿਤੀ 23-11-2021 ਸਵੇਰੇ 11.00 ਵਜੇ ਆਡੀਟੋਰੀਅਮ ਬਲਾਕ ਈ , ਦੂਜੀ ਮੰਜਿਲ , ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ , ਫੇਜ਼ -8 , ਸੈਕਟਰ -62 , ਐਸ.ਏ.ਐਸ ਨਗਰ ਵਿਖੇ ਸਮਾਰੋਹ ਕਰਵਾਇਆ ਜਾ ਰਿਹਾ ਹੈ।
3. ਇਸ ਸਮਾਰੋਹ ਵਿੱਚ ਰਾਜ ਪੱਧਰ ਤੇ ਪਹਿਲੀ ਅਤੇ ਦੂਜੀ ਪੋਜੀਸ਼ਨ ਹਾਸਿਲ ਕਰਨ ਵਾਲੇ 132 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।
4. ਰਾਜ ਪੱਧਰ ਦੇ ਸਬਦ ਗਾਇਨ, ਗੀਤ ਗਾਇਨ , ਕਵਿਤਾ ਉਚਾਰਨ , ਭਾਸ਼ਣ ਮੁਕਾਬਲੇ ਅਤੇ ਸੰਗੀਤਕ ਸਾਜੋ- ਸਮਾਨ ਵਜਾਉਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਸਮਾਰੋਹ ਵਿੱਚ presentation ਦੇਣ ਲਈ ਕਿਹਾ ਜਾਵੇਗਾ ਅਤੇ ਇਸ ਦੇ ਨਾਲ ਹੀ ਇਹ ਵੀ ਦੱਸਿਆ ਜਾਂਦਾ ਹੈ ਕਿ ਸਾਰੇ ਜੇਤੂ ਵਿਦਿਆਰਥੀਆਂ ਨੂੰ ਸਮਾਰੋਹ ਵਿੱਚ presentation ਦੇਣ ਦਾ ਮੌਕਾ ਨਹੀਂ ਮਿਲ ਸਕਦਾ।
5. ਰਾਜ ਪੱਧਰ ਤੇ ਸਬਦ ਗਾਇਨ, ਗੀਤ ਗਾਇਨ , ਕਵਿਤਾ ਉਚਾਰਨ , ਭਾਸ਼ਣ ਮੁਕਾਬਲੇ ਅਤੇ ਸੰਗੀਤਕ ਸਾਜੋ- ਸਮਾਨ ਵਜਾਉਣ ਵਾਲੇ ਜੇਤੂ ਵਿਦਿਆਰਥੀਆਂ ਦੀਆਂ videos ਤਿਆਰ ਕਰਕੇ , PPT Making ਵਾਲੇ ਜੇਤੂ ਵਿਦਿਆਰਥੀਆਂ ਦੀ PPTs ਤਿਆਰ ਕਰਕੇ ਅਤੇ ਪੋਸਟਰ ਮੇਕਿੰਗ , ਪੇਂਟਿੰਗ ਮੁਕਾਬਲੇ , ਸੁੰਦਰ ਲਿਖਾਈ ਮੁਕਾਬਲੇ , ਸਲੋਗਨ ਮੁਕਾਬਲੇ ਅਤੇ

Scanned by CamScanner

ਦਸਤਾਰਬੰਦੀ ਮੁਕਾਬਲਿਆਂ ਦੀਆਂ ਫੋਟੋਆ ਮਿਤੀ 20-11-2021 ਤੱਕ scertactivities@gmail.com ਤੇ ਭੇਜੀਆ ਜਾਣ ਤਾਂ ਜੋ ਇਨ੍ਹਾਂ ਤੋਂ ਇੱਕ PPT ਤਿਆਰ ਕਰਕੇ ਪ੍ਰੋਗਰਾਮ ਦੌਰਾਨ ਪ੍ਰੋਜੈਕਟਰ ਰਾਹੀਂ ਦਿਖਾਈ ਜਾ ਸਕੇ ।

6. ਪੋਸਟਰ ਮੇਕਿੰਗ , ਪੇਂਟਿੰਗ ਮੁਕਾਬਲੇ , ਸੁੰਦਰ ਲਿਖਾਈ ਮੁਕਾਬਲੇ ਅਤੇ ਸਲੋਗਨ ਮੁਕਾਬਲੇ ਵਾਲੇ ਜੇਤੂ ਵਿਦਿਆਰਥੀਆਂ ਦੀ posters , paintings , writings ਆਦਿ ਮਿਤੀ 23-11-2021 ਨੂੰ ਨਾਲ ਲੈ ਕੇ ਆਉਣ ਤਾਂ ਜੋ ਸਮਾਰੋਹ ਵਾਲੇ ਦਿਨ ਇੱਕ ਪ੍ਰਦਰਸ਼ਨੀ ਲਗਾਈ ਜਾ ਸਕੇ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਮਿਤੀ 23-11-2021 ਨੂੰ ਸਵੇਰੇ 9.00 ਵਜੇ ਆਡੀਟੋਰੀਅਮ ਬਲਾਕ ਈ , ਦੂਜੀ ਮੰਜਿਲ , ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ , ਫੇਜ -8 , ਸੈਕਟਰ -62 , ਐਸ.ਏ.ਐਸ.ਨਗਰ ਵਿਖੇ ਪੁੱਜਣ ਦੀ ਹਦਾਇਤ ਕੀਤੀ ਜਾਂਦੀ ਹੈ ਣਾਇਆ ਜਾਵੇ।
7. ਦਸਤਾਰਬੰਦੀ ਵਾਲੇ ਵਿਦਿਆਰਥੀਆਂ ਨੂੰ ਆਪਣੀ-ਆਪਣੀ ਦਸਤਾਰ ਸਜਾ ਕੇ ਸਮਾਰੋਹ ਵਿੱਚ ਆਉਣ ਦੀ ਹਦਾਇਤ ਕੀਤੀ ਜਾਵੇ ।
8. ਆਪ ਵੱਲੋਂ ਆਪ, ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਨੋਡਲ ਅਫਸਰ (ਕਲਚਰਲ ਗਤੀਵਿਧੀਆਂ ਸਾਲ 2020-21) , ਆਪਣੇ ਜ਼ਿਲ੍ਹੇ ਦੇ ਰਾਜ ਪੱਧਰੀ ਜੇਤੂ ਵਿਦਿਆਰਥੀਆਂ ਅਤੇ ਗਾਈਡ ਅਧਿਆਪਕਾਂ ਨੂੰ ਇਸ ਸਮਾਰੋਹ ਵਿੱਚ ਮਿਤੀ 23-11-2021 ਸਵੇਰੇ 10.00 ਵਜੇ ਆਡੀਟੋਰੀਅਮ ਬਲਾਕ ਈ , ਦੂਜੀ ਮੰਜਿਲ , ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ , ਫੇਜ -8 , ਸੈਕਟਰ -62 , ਐਸ.ਏ.ਐਸ.ਨਗਰ ਵਿਖੇ ਪੁੱਜਣਾ ਯਕੀਨੀ ਬਣਾਇਆ ਜਾਵੇ।
9. ਆਪ ਵੱਲੋਂ ਆਪਣੇ ਜ਼ਿਲ੍ਹੇ ਦੇ ਰਾਜ ਪੱਧਰੀ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਗਾਈਡ ਅਧਿਆਪਕਾਂ ਦੀ ਇਸ ਪ੍ਰੋਗਰਾਮ ਵਿੱਚ ਸਮੂਲੀਅਤ ਯਕੀਨੀ ਬਣਾਈ ਜਾਵੇ ।
10. ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ।

ਨਾਲ ਨੱਥੀ- ਰਾਜ ਪੱਧਰੀ ਜੇਤੂ ਵਿਦਿਆਰਥੀਆਂ ਦੀ ਲਿਸਟ ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ

Scanned by CamScanner